ਮਿੱਠੇ ਬੱਚੇ:- "ਮਿੱਠੇ ਬੱਚੇ :- 21 ਜਨਮਾਂ ਦੇ ਲਈ ਪੁੰਨ ਦਾ ਖਾਤਾ ਜਮਾਂ ਕਰਨਾ ਹੈ, ਯੋਗਬਲ ਨਾਲ ਪਾਪਾਂ ਦੇ ਖ਼ਾਤੇ ਨੂੰ ਭਸਮ ਕਰਨਾ ਹੈ ਇਸਲਈ ਅੰਤਰਮੁੱਖੀ ਬਣੋ।"

ਪ੍ਰਸ਼ਨ:- ਕਿਸ ਸ਼੍ਰੀਮਤ ਦਾ ਪਾਲਣ ਕਰਨ ਨਾਲ ਵਾਣੀ ਤੋਂ ਪਰੇ ਜਾਣ ਦਾ ਪੁਰਸ਼ਾਰਥ ਸਹਿਜ ਹੋ ਜਾਏਗਾ?

ਉੱਤਰ:- ਸ਼੍ਰੀਮਤ ਕਹਿੰਦੀ ਹੈ - ਬੱਚੇ, ਅੰਤਰਮੁੱਖੀ ਹੋ ਜਾਓ, ਬਾਹਰ ਤੋਂ ਕੁਝ ਵੀ ਨਾ ਬੋਲੋ। ਇਸ ਸ਼੍ਰੀਮਤ ਨੂੰ ਪਾਲਣ ਕਰੋਂਗੇ ਤਾਂ ਸਹਿਜ ਹੀ ਵਾਣੀ ਤੋਂ ਪਰੇ ਜਾ ਸਕੋਂਗੇ। ਜਿਨਾਂ ਯਾਦ ਕਰੋਂਗੇ, ਸਵਦਰਸ਼ਨ ਚੱਕਰ ਫਿਰਾਓਗੇ ਓਨਾ ਕਮਾਈ ਜਮਾਂ ਹੁੰਦੀ ਜਾਏਗੀ। ਯਾਦ ਦੇ ਲਈ ਅੰਮ੍ਰਿਤਵੇਲੇ ਦਾ ਸਮਾਂ ਬਹੁਤ ਵਧੀਆ ਹੈ। ਉਸ ਸਮੇਂ ਉੱਠਕੇ ਅੰਤਰਮੁੱਖੀ ਬਣ ਆਤਮ ਸਵਰੂਪ ਵਿੱਚ ਸਥਿਤ ਹੋਕੇ ਬੈਠ ਜਾਓ।

ਗੀਤ:- ਤੂਨੇ ਰਾਤ ਗਵਾਈ...

ਓਮ ਸ਼ਾਂਤੀ। ਇਹ ਕੌਣ ਸਮਝਾਉਂਦੇ ਹਨ ਕਿ ਅੰਤਰਮੁਖੀ ਹੋ ਜਾਓ, ਬਾਹਰ ਤੋਂ ਕੁਝ ਨਾ ਬੋਲੋ, ਆਪਣੀ ਆਤਮਾ ਦੇ ਸਵਰੂਪ ਵਿੱਚ ਸਥਿਤ ਹੋਕੇ ਬੈਠੋ? ਬਾਪ ਬੱਚਿਆਂ ਨੂੰ ਕਹਿੰਦੇ ਹਨ ਮੁਖ ਤੋਂ ਕੁਝ ਵੀ ਬੋਲੋ ਨਹੀਂ। ਰਾਮ - ਰਾਮ ਆਦਿ ਬਹੁਤ ਕਹਿੰਦੇ ਆਏ ਪਰ ਉਸ ਕਹਿਣ ਨਾਲ ਵੀ ਮਨੁੱਖ ਪਾਵਨ ਨਹੀਂ ਬਣ ਸਕਦੇ। ਮਨੁੱਖ ਪਤਿਤ ਤੋਂ ਪਾਵਨ ਉਦੋਂ ਬਣ ਸਕਦੇ ਹਨ ਜਦੋਂ ਪਤਿਤ - ਪਾਵਨ ਬਾਪ ਦੀ ਸ਼੍ਰੀਮਤ ਤੇ ਚੱਲਣ। ਪਤਿਤ - ਪਾਵਨ ਕਹਿਣ ਨਾਲ ਬਾਪ ਯਾਦ ਆਉਂਦਾ ਹੈ। ਬਾਪ ਕਹਿੰਦੇ ਹਨ ਤੁਸੀਂ ਬਰੋਬਰ ਪਤਿਤ ਸੀ ਨਾ। ਹੁਣ ਤੁਸੀਂ ਪਾਵਨ ਬਣ ਰਹੇ ਹੋ। ਸਤਿਯੁਗ ਵਿੱਚ ਕੋਈ ਪਤਿਤ ਹੁੰਦਾ ਨਹੀਂ। ਪੰਜ ਹਜ਼ਾਰ ਵਰ੍ਹੇ ਪਹਿਲੇ ਜਦੋਂ ਭਾਰਤ ਪਾਵਨ ਸੀ ਤਾਂ ਇੱਕ ਹੀ ਧਰਮ ਸੀ। ਬਾਪ ਤਾਂ ਸੁਖ ਦੀ ਸ੍ਰਿਸ਼ਟੀ ਰਚਣਗੇ ਨਾ। ਭਾਰਤ ਸੁਖਧਾਮ ਸੀ। ਲਕਸ਼ਮੀ - ਨਾਰਾਇਣ, ਰਾਮ - ਸੀਤਾ ਆਦਿ ਦੇ ਮੰਦਿਰ ਸਤਿਯੁਗ - ਤ੍ਰੇਤਾ ਦੀ ਨਿਸ਼ਾਨੀ ਹੈ। ਸਤਿਯੁਗ ਵਿੱਚ ਬਰੋਬਰ ਲਕਸ਼ਮੀ - ਨਾਰਾਇਣ ਦੀ ਡੀਨੇਸਿਟੀ ਸੀ। ਇਹ ਭਾਰਤ ਸੀ ਜਿਸ ਵਿੱਚ ਸੂਰਜਵੰਸ਼ੀ - ਚੰਦਰਵੰਸ਼ੀ ਦਾ ਰਾਜ਼ ਚੱਲਦਾ ਸੀ, ਜੋ ਹੁਣ ਫਿਰ ਤੋਂ ਸਥਾਪਨ ਹੋ ਰਿਹਾ ਹੈ। ਇਸਨੂੰ ਕਿਹਾ ਜਾਂਦਾ ਹੈ ਵਰਲਡ ਦੀ ਹਿਸਟਰੀ - ਜਾਗਰਫ਼ੀ। ਇਹ ਮਨੁੱਖ ਹੀ ਤਾਂ ਜਾਨਣਗੇ। ਮਨੁੱਖ ਨਹੀਂ ਜਾਣਦੇ ਤਾਂ ਜਾਨਵਰ ਤੋਂ ਵੀ ਬਦਤਰ ਕਿਹਾ ਜਾਂਦਾ ਹੈ। ਬਾਪ ਨੂੰ ਜਾਨਣ ਦੇ ਲਈ ਕਿੰਨੇ ਧੱਕੇ ਖਾਂਦੇ ਹਨ, ਪਰ ਜਾਣ ਨਹੀਂ ਸਕਦੇ। ਤੁਸੀਂ ਬਾਪ ਦੇ ਬੱਚੇ ਬਣੇ ਹੋ ਤਾਂ ਬਾਪ ਆਪਣਾ ਪਰਿਚੇ ਦਿੰਦੇ ਹਨ। ਪਹਿਲੇ ਪਰਿਚੇ ਨਹੀ। ਸੀ ਤਾਂ ਇਸ ਦਾ ਪਰਿਣਾਮ ਕੀ ਹੋਇਆ? ਆਰਫ਼ਨ, ਨਾਸਤਿਕ, ਨਿਧਨ ਦੇ ਬਣ ਜਾਂਦੇ ਹਨ। ਹੁਣ ਤੁਸੀਂ ਬਾਪ ਦੇ ਬਣੇ ਹੋ, ਬਾਪ ਕੋਲੋਂ ਵਰਸਾ ਲੈ ਰਹੇ ਹੋ। ਬੜਾ ਭਾਰੀ ਵਰਸਾ ਹੈ, 21 ਜਨਮ ਸਵਰਗ ਦੀ ਰਾਜਧਾਨੀ ਮਿਲਦੀ ਹੈ, ਕੋਈ ਘੱਟ ਗੱਲ ਹੈ ਕੀ ! ਲਕਸ਼ਮੀ - ਨਾਰਾਇਣ ਪੰਜ ਹਜ਼ਾਰ ਵਰ੍ਹੇ ਹੋਏ ਰਾਜ ਕਰਦੇ ਸੀ। ਫਿਰ ਤੋਂ ਹਿਸਟਰੀ ਰਿਪੀਟ ਹੁੰਦੀ ਹੈ।

ਬਾਪ ਸਮਝਾਉਂਦੇ ਹਨ — ਮੇਰੀ ਸ਼੍ਰੀਮਤ ਤੇ ਚੱਲੋ, ਅੰਤਰਮੁਖੀ ਬਣੋ, ਬਾਹਰਮੁਖੀ ਨਾ ਬਣੋ। ਹੁਣ ਇਸ ਸਮੇਂ ਹੈ ਘੋਰ ਹਨ੍ਹੇਰਾ, ਇਸਨੂੰ ਰਾਤ ਕਿਹਾ ਜਾਂਦਾ ਹੈ। ਹੁਣ ਸਵੇਰਾ ਆ ਰਿਹਾ ਹੈ। ਕਲਿਯੁਗ ਅੰਤ ਨੂੰ ਘੋਰ ਹਨ੍ਹੇਰਾ, ਸਤਿਯੁਗ ਆਦਿ ਨੂੰ ਘੋਰ ਸੋਝਰਾ ਕਿਹਾ ਜਾਂਦਾ ਹੈ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ ਸੰਗਮ ਤੇ ਜਦੋਂਕਿ ਸਭ ਮਨੁੱਖ ਪਤਿਤ ਹਨ। ਹੁਣ ਤੁਸੀਂ ਬੱਚਿਆਂ ਨੂੰ ਸਦਾ ਸੁਖ ਦਾ ਵਰਸਾ ਦੇਣ ਆਇਆ ਹਾਂ। ਵਿਨਾਸ਼ ਸਾਹਮਣੇ ਖੜ੍ਹਾ ਹੈ। ਬਹੁਤ ਗਈ ਥੋੜੀ ਰਹੀ … ਇਸਲਈ ਹੁਣ ਜਲਦੀ - ਜਲਦੀ ਪੁਰਸ਼ਾਰਥ ਕਰ ਬੇਹੱਦ ਦੇ ਬਾਪ ਕੋਲੋਂ ਵਰਸਾ ਲਵੋ, ਜਿਵੇਂ ਸਭ ਲੈ ਰਹੇ ਹਨ। ਸਭ ਪੁਰਸ਼ਾਰਥੀ ਹਨ। ਹੁਣ ਸਭਨੂੰ ਸਵੀਟ ਹੋਮ, ਵਾਨੀ ਤੋਂ ਪਰੇ ਜਾਣਾ ਹੈ। ਉਹ ਹੈ ਅਸੀਂ ਆਤਮਾਵਾਂ ਦਾ ਘਰ, ਨਿਰਵਾਣਧਾਮ। ਧਾਮ ਵਿੱਚ ਕੋਈ ਇੱਕ ਨਹੀਂ ਰਹਿੰਦੇ। ਜਿੰਨੀਆਂ ਵੀ ਜੀਵ ਆਤਮਾਵਾਂ ਹਨ, ਉਹ ਸਭ ਸ਼ਰੀਰ ਛੱਡ ਜਾਣਗੇ ਆਪਣੇ ਘਰ ਬਾਬਾ ਦੇ ਕੋਲ। ਉਹ ਹੈ ਨਿਰਾਕਾਰੀ ਝਾੜ। ਜਿਵੇਂ ਚਿੱਤਰ ਵਿੱਚ ਵੀ ਝਾੜ ਵਿਖਾਇਆ ਜਾਂਦਾ ਹੈ। ਇਹ ਹੈ ਅਸੀਂ ਆਤਮਾਵਾਂ ਦਾ ਘਰ - ਸ਼ਾਂਤੀਧਾਮ। ਫਿਰ ਅਸੀਂ ਆਵਾਂਗੇ ਸੁਖਧਾਮ। ਹੁਣ 84 ਦਾ ਚੱਕਰ ਪੂਰਾ ਹੁੰਦਾ ਹੈ, ਕਲਿਯੁਗ ਦੇ ਬਾਅਦ ਸਤਿਯੁਗ ਜਰੂਰ ਆਏਗਾ ਨਾ। ਦਵਾਪਰ ਦੇ ਬਾਅਦ ਕਲਿਯੁਗ ਜਰੂਰ ਆਏਗਾ। ਬਾਪ ਕਹਿੰਦੇ ਹਨ - ਮੈਂ ਕਲਪ - ਕਲਪ, ਕਲਪ ਦੇ ਸੰਗਮਯੁਗ ਆਉਂਦਾ ਹਾਂ, ਪੁਰਾਣੀ ਦੁਨੀਆਂ ਦਾ ਵਿਨਾਸ਼ ਕਰਾਉਂਦਾ ਹਾਂ। ਜਦੋਂ ਤੱਕ ਨਵੀਂ ਦੁਨੀਆਂ ਸਥਾਪਨ ਹੋ ਜਾਵੇ ਉਦੋਂ ਤੱਕ ਇਸ ਪੁਰਾਣੀ ਦੁਨੀਆਂ ਵਿੱਚ ਰਹਿਣਾ ਪਵੇ। ਜ੍ਹੋ ਤੱਕ ਨਵਾਂ ਮਕਾਨ ਬਣ ਜਾਏ ਉਦੋਂ ਤੱਕ ਪੁਰਾਣੇ ਮਕਾਨ ਵਿੱਚ ਬੈਠੇ ਰਹਿੰਦੇ ਹਨ ਨਾ। ਫਿਰ ਜਦੋਂ ਨਵਾਂ ਬਣ ਜਾਏ ਫਿਰ ਪੁਰਾਣੇ ਨੂੰ ਤੋੜਿਆਂ ਜਾਂਦਾ ਹੈ। ਇਹ ਵੀ ਪੁਰਾਣੀ ਚੀਜ਼ ਹੈ ਨਾ। ਇਸਦੇ ਵਿਨਾਸ਼ ਦੇ ਲਈ ਇਹ ਹੈ ਮਹਾਭਾਰਤ ਦੀ ਲੜਾਈ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਆਤਮਾ ਹੀ ਸਮਝਦੀ ਹੈ - ਜਿਸਮਾਨੀ ਨਾਲੇਜ ਵੀ ਆਤਮਾ ਸਿੱਖਦੀ ਹੈ ਨਾ। ਆਤਮਾ ਕਹਿੰਦੀ ਹੈ ਮੈਂ ਪ੍ਰਿੰਸੀਪਾਲ ਹਾਂ, ਸਰਜਨ ਹਾਂ। ਆਤਮਾ ਦੀ ਨਾਲੇਜ਼ ਨਾ ਹੋਣ ਕਾਰਣ ਦੇਹ - ਅਭਿਮਾਨੀ ਹੋ ਜਾਂਦੇ ਹਨ। ਆਤਮਾ ਹੀ ਸੰਸਕਾਰ ਲੈ ਜਾਂਦੀ ਹੈ। ਤੁਸੀਂ ਬੱਚੇ ਸਮਝਦੇ ਹੋ ਸ਼ਿਵਬਾਬਾ ਸਾਨੂੰ ਆਤਮਾਵਾਂ ਨੂੰ ਸਮਝਾ ਰਹੇ ਹਨ। ਅਸੀਂ ਆਤਮਾ ਇਹ ਪੁਰਾਣਾ ਸ਼ਰੀਰ ਛੱਡ ਫਿਰ ਨਵਾਂ ਜਾਕੇ ਲਵਾਂਗੇ। ਹੁਣ ਅਸੀਂ ਸ਼ਾਮ ਹਾਂ ਫਿਰ ਸੁੰਦਰ ਜਾਕੇ ਬਣਾਂਗੇ। ਸੁੰਦਰ ਤੋਂ ਸ਼ਾਮ ਬਣਦੇ ਹਨ। 84 ਜਨਮ ਲੱਗ ਜਾਂਦੇ ਹਨ। ਫਿਰ ਬਾਬਾ ਕਾਮ ਚਿਤਾ ਤੋਂ ਉਤਾਰ ਗਿਆਨ ਚਿਤਾ ਤੇ ਬਿਠਾਏ ਗੋਲਡਨ ਏਜ ਦਾ ਮਾਲਿਕ ਬਣਾ ਦਿੰਦੇ ਹਨ। ਬੇਹੱਦ ਦਾ ਬਾਪ ਜਰੂਰ ਬੇਹੱਦ ਦਾ ਵਰਸਾ ਦੇਣਗੇ ਨਾ। ਬਾਪ ਤਾਂ ਉੱਚ ਤੇ ਉੱਚ ਹੈ। ਕਹਿੰਦੇ ਹਨ ਬੱਚਿਆਂ ਦੇ ਲਈ ਬੈਕੁੰਠ

ਦੀ ਸੌਗਾਤ ਲਿਆਇਆ ਹਾਂ। ਹਥੇਲੀ ਤੇ ਬਹਿਸ਼ਤ ਲਿਆਇਆ ਹਾਂ। ਸੈਕਿੰਡ ਵਿੱਚ ਤੁਸੀਂ ਸਾਕਸ਼ਾਤਕਾਰ ਕਰ ਲੈਂਦੇ ਹੋ। ਕਿੰਨੇ ਢੇਰ ਬ੍ਰਹਮਾਕੁਮਾਰ - ਕੁਮਾਰੀਆ ਹਨ। ਜਰੂਰ ਬ੍ਰਹਮਾ ਦੇ ਬੱਚੇ ਹਨ ਅਤੇ ਸ਼ਿਵਬਾਬਾ ਦੇ ਪੋਤਰੇ ਹਨ। ਤੁਸੀਂ ਕਹਿੰਦੇ ਹੋ ਅਸੀਂ ਸ਼ਿਵਬਾਬਾ ਕੋਲੋਂ ਵਰਸਾ ਲੈਂਦੇ ਹਾਂ। ਉਹ ਹੀ ਸਰਵ ਦਾ ਸਦਗਤੀ ਦਾਤਾ ਹੈ। ਰਾਜਯੋਗ ਸਿਖਾਉਂਦੇ ਹਨ। ਨਿਰਾਕਾਰ ਕਿਵੇਂ ਸਿਖਾਏ, ਇਸਲਈ ਆਰਗੰਸ ਦਵਾਰਾ ਪੜ੍ਹਾਉਂਦੇ ਹਨ। ਸ੍ਰਿਸਟੀ ਚੱਕਰ ਦੀ ਨਾਲੇਜ਼ ਦਿੰਦੇ ਹਨ। ਜਿਸਨੂੰ ਪਰਮ ਆਤਮਾ, ਸੁਪ੍ਰੀਮ ਸੋਲ ਕਹਿੰਦੇ ਹਨ ਉਸਦੀ ਹੀ ਸਾਰੀ ਮਹਿਮਾ ਹੈ। ਗਿਆਨ ਦਾ ਸਾਗਰ, ਪਤਿਤ - ਪਾਵਨ ਉਹ ਹੈ ਤਾਂ ਜਰੂਰ ਆਉਣਾ ਪਵੇ। ਤੁਹਾਨੂੰ ਵੀ ਮਾਸਟਰ ਸੁਪ੍ਰੀਮ ਅਤੇ ਪਾਵਨ ਬਣਾਉਂਦੇ ਹਨ। ਉਹ ਹੈ ਬੇਹੱਦ ਦਾ ਬਾਪ ਜਿਸ ਨੂੰ ਸਭ ਭਗਤ ਬੁਲਾਉਂਦੇ ਹਨ। ਸਾਰੇ ਭਗਤਾਂ ਦਾ ਬਾਪ ਉਹ ਭਗਵਾਨ ਹੈ - ਪਰਮਪਿਤਾ ਪ੍ਰਮਾਤਮਾ। ਜੇਕਰ ਉਨ੍ਹਾਂਨੂੰ ਸਰਵਵਿਆਪੀ ਕਹਿ ਦਿੰਦੇ ਤਾਂ ਫਿਰ ਵਰਸਾ ਕਿਵੇਂ ਮਿਲੇਗਾ? ਮਨੁੱਖ ਨੂੰ ਭਗਵਾਨ ਨਹੀਂ ਕਹਿ ਸਕਦੇ। ਸ਼੍ਰੀਕ੍ਰਿਸ਼ਨ ਨੂੰ ਵੀ ਦੈਵੀਗੁਣਧਾਰੀ ਮਨੁੱਖ ਕਿਹਾ ਜਾਂਦਾ ਹੈ, ਉਹ ਹੈ ਫਸਟ ਪ੍ਰਿੰਸ। ਸਭ ਉਨ੍ਹਾਂ ਨੂੰ ਝੂਲੇ ਵਿੱਚ ਝੁਲਾਉਂਦੇ ਹਨ। ਸ਼ਿਵਬਾਬਾ ਨੂੰ ਕਦੇ ਝੁਲਾਉਂਦੇ ਨਹੀਂ ਹੋਣਗੇ ਕਿਉਂਕਿ ਉਹ ਕਦੇ ਬੱਚਾ ਬਣਦਾ ਹੀ ਨਹੀਂ। ਇਹ ਤਾਂ ਸਾਖਸ਼ਾਤਕਾਰ ਕਰਵਾਉਂਦੇ ਹਨ ਸਮਝਾਉਣ ਦੇ ਲਈ - ਮੈਂ ਤੁਹਾਡਾ ਬੱਚਾ ਹਾਂ, ਤੁਸੀਂ ਸਾਨੂੰ ਆਪਣਾ ਵਾਰਿਸ ਬਣਾਓਗੇ, ਬਲਿਹਾਰ ਜਾਵੋਂਗੇ ਤਾਂ ਮੈਂ ਵੀ ਬਲਿਹਾਰ ਜਾਵਾਂਗਾ। ਬਲਿਹਾਰ ਜਾਂਦੇ ਹੋ ਤਾਂ ਜਿਵੇਂ ਮੈਂ ਤੁਹਾਡਾ ਬਾਲਕ ਹੋ ਗਿਆ।

ਮਨੁੱਖਾਂ ਵਿੱਚ ਕਿੰਨੀ ਅੰਧਸ਼ਰਧਾ ਹੈ ਜਿੱਥੇ ਕਿੱਥੇ ਮੱਥਾ ਟੇਕਦੇ ਰਹਿੰਦੇ ਹਨ ਇਸ ਨੂੰ ਕਿਹਾ ਜਾਂਦਾ ਹੈ ਗੁੱਡੀਆਂ ਦੀ ਪੂਜਾ। ਨਵਰਾਤਰੇ ਵਿੱਚ ਬਹੁਤ ਗੁੱਡੀਆਂ ਬਨਾਉਣਗੇ। ਉਨ੍ਹਾਂ ਦੇ ਆਕੂਪੇਸ਼ਨ ਦਾ ਕਿਸੇ ਨੂੰ ਪਤਾ ਨਹੀਂ ਹੈ। 4-6 ਬਾਹਵਾਂ ਵਾਲੀ ਦੇਵੀ ਥੋੜ੍ਹੀ ਹੀ ਹੁੰਦੀ ਹੈ ਅਤੇ ਫਿਰ ਤਲਵਾਰ ਆਦਿ ਦੇ ਦਿੰਦੇ ਹਨ। ਦੇਵਤੇ ਹਿੰਸਕ ਥੋੜ੍ਹੀ ਨਾ ਹੁੰਦੇ ਹਨ। ਸ਼ਾਸਤਰ ਵਾਦੀਆਂ ਨੇ ਉਨ੍ਹਾਂ ਨੂੰ ਵੀ ਹਿੰਸਕ ਬਣਾ ਦਿੱਤਾ ਹੈ। ਨੇਪਾਲ ਵਿੱਚ ਵੀ ਕਾਲੀ ਨੂੰ ਪੂਜਦੇ ਹਨ ਫਿਰ ਇਵੇਂ ਹੈ ਥੋੜ੍ਹੀ ਹੀ। ਮੰਮਾ ਅਜਿਹੀ ਕਾਲੀ ਜੀਭ ਵਾਲੀ ਹੈ ਥੋੜ੍ਹੀ ਹੀ। ਮਨੁੱਖ ਤਾਂ ਮਨੁੱਖ ਹੀ ਹੁੰਦਾ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਹਨ ਸੂਖਸ਼ਮਵਤਨ ਵਾਸੀ। ਬਸ, ਹੋਰ ਕੋਈ ਚੀਜ ਹੀ ਨਹੀਂ ਹੈ ਫਿਰ 8-10 ਬਾਹਵਾਂ ਵਾਲੇ ਕਿੱਥੇ ਗਏ! ਇਹ ਸਭ ਭਗਤੀ ਮਾਰਗ ਦੇ ਅਲੰਕਾਰ ਬਣਾਉਂਦੇ ਹਨ। ਪੈਸਾ ਕਮਾਉਣ ਦੇ ਲਈ ਕੁਝ ਤੇ ਚਾਹੀਦਾ ਹੈ ਨਾ। ਫਿਰ ਕਿਸਮ - ਕਿਸਮ ਦੇ ਚਿੱਤਰ ਬੈਠ ਬਣਾ ਦਿੰਦੇ ਹਨ। ਉੱਥੇ ਹੀ ਵੇਖੋ ਸੁੰਦਰ ਸ਼੍ਰੀਕ੍ਰਿਸ਼ਨ ਦਾ ਮੰਦਿਰ, ਉੱਥੇ ਹੀ ਸਾਂਵਰੇ ਸ਼੍ਰੀਕ੍ਰਿਸ਼ਨ ਦਾ ਮੰਦਿਰ। ਕਾਰਣ ਤੇ ਚਾਹੀਦਾ ਹੈ ਨਾ। ਕਿੰਨੀ ਅੰਧਸ਼ਰਧਾ ਹੈ। ਹੁਣ ਭਗਤੀ ਮਾਰਗ ਖਤਮ ਹੋ ਗਿਆਨ ਮਾਰਗ ਜਿੰਦਾਬਾਦ ਹੁੰਦਾ ਹੈ। ਬਾਕੀ ਸਮਾ ਤਾਂ ਥੋੜਾ ਹੈ, ਸਭ ਨੂੰ ਮਰਨਾ ਤਾਂ ਜਰੂਰ ਹੈ, ਪੁੱਤਰ - ਪੋਤਰੇ ਵਾਰਿਸ ਬਣਨੇ ਨਹੀਂ ਹਨ। ਉੱਥੇ ਤੁਹਾਨੂੰ ਇਹ ਗਿਆਨ ਹੀ ਨਹੀਂ ਰਹੇਗਾ। ਕਿ ਸੰਗਮ ਤੇ ਅਸੀਂ ਆਪਣੇ ਰਾਜਾਈ ਦੇ ਲਈ ਇਹ ਪੁਰਸ਼ਾਰਥ ਕੀਤਾ ਸੀ। ਉੱਥੇ ਤਾਂ ਪਵਿਤ੍ਰ ਸ੍ਰਿਸ਼ਟੀ ਚੱਲ ਪੈਂਦੀ ਹੈ। ਇੱਥੇ ਤੁਸੀਂ ਜਾਣਦੇ ਹੋ ਕਿ ਬਰੋਬਰ ਅਸੀਂ ਬਾਬਾ ਦੀ ਰਾਜਧਾਨੀ ਦੇ ਹੱਕਦਾਰ ਹਾਂ। ਉੱਥੇ ਇਹ ਪਤਾ ਨਹੀਂ ਰਹੇਗਾ ਕਿ ਕਿਹੜੇ ਕਰਮ ਕੀਤੇ ਸਨ, ਕਿਵੇਂ ਬਣੇ - ਇਹ ਸਭ ਭੁੱਲ ਜਾਂਦਾ ਹੈ। ਉੱਥੇ ਪਤਿਤ ਹੁੰਦੇ ਹੀ ਨਹੀਂ, ਜੋ ਪਾਵਨ ਬਣਨ ਦੇ ਲਈ ਗੁਰੂ ਦੀ ਲੋੜ ਪਵੇ। ਬਾਪ ਪੈਰ ਧੋਕੇ ਬੱਚਿਆਂ ਨੂੰ ਤਖ਼ਤ ਤੇ ਬਿਠਾਉਂਦੇ ਹਨ। ਗੁਰੂ ਚਾਹੀਦਾ ਹੈ ਸਦਗਤੀ ਦੇ ਲਈ। ਉੱਥੇ ਤਾਂ ਹੈ ਹੀ ਸਦਗਤੀ। ਗੁਰੂ ਦੀ ਲੋੜ ਹੀ ਨਹੀਂ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ, ਦੇਹ ਅਭਿਮਾਨ ਵਿੱਚ ਨਾ ਰਹੋ। ਮੈਂ ਆਤਮਾ ਹੁਣ ਡਾਕਟਰ ਦੇ ਰੂਪ ਵਿਚ ਹਾਂ, ਮੈਂ ਆਤਮਾ ਮੈਜੀਸਟ੍ਰੇਟ ਹਾਂ। ਫਿਰ ਇਹ ਸ਼ਰੀਰ ਛੱਡਣ ਦੇ ਬਾਦ ਪਤਾ ਨਹੀਂ ਕੀ ਬਣਾਂਗਾ? ਅਸੀਂ ਇਸ ਸ਼ਰੀਰ ਦਵਾਰਾ ਪੜਦੇ ਹਾਂ। ਆਤਮਾ ਹੀ ਇਨ੍ਹਾਂ ਆਰਗੰਜ ਦਵਾਰਾ ਪੜਦੀ ਹੈ, ਆਤਮਾ ਹੀ ਸੁਣਦੀ ਹੈ - ਇਹ ਸਮਝਣ ਦੀਆਂ ਗੱਲਾਂ ਹਨ, ਨਾ ਕਿ ਦੰਤ ਕਥਾਵਾਂ ਹਨ

ਬਾਪ ਕਹਿੰਦੇ ਹਨ ਇਹ ਸਾਰੀ ਦੁਨੀਆ ਕਬ੍ਰੀਸਥਾਨ ਹੋਣੀ ਹੈ। ਹੁਣ ਜਾਗੋ, ਨਹੀਂ ਤਾਂ ਭੰਭੋਰ ਨੂੰ ਅੱਗ ਲੱਗਣ ਦੇ ਵਕਤ ਹਾਏ - ਹਾਏ ਕਰਨਗੇ। ਪ੍ਰੰਤੂ ਕੁਝ ਵੀ ਕਰ ਨਹੀਂ ਸਕਣਗੇ, ਕਾਲ ਖਾ ਜਾਵੇਗਾ, ਤ੍ਰਹਿ - ਤ੍ਰਹਿ ਕਰਦੇ ਰਹਿ ਜਾਣਗੇ। ਸਜਾਵਾਂ ਵੀ ਬਹੁਤ ਖਾਣਗੇ। ਹੁਣ ਸਾਨੂੰ ਪਾਪਾਂ ਦਾ ਖਾਤਾ ਖਲਾਸ ਕਰ ਕੇ ਪੁੰਨ ਦੇ ਖਾਤੇ ਨੂੰ ਜਮਾਂ ਕਰਨਾ ਹੈ। ਨਵੇਂ ਸਿਰੇ 21 ਜਨਮਾਂ ਦੇ ਲਈ ਜਮਾ ਕਰਨਾ ਹੈ। ਜਮਾ ਹੋਵੇਗਾ ਬਾਪ ਨੂੰ ਯਾਦ ਕਰਨ ਨਾਲ। ਪੁਰਾਣਾ ਖਾਤਾ ਚੁਕਤੂ ਹੋ ਜਾਣਾ ਚਾਹੀਦਾ ਹੈ। ਗਿਆਨ ਕਿੰਨਾਂ ਸਹਿਜ ਹੈ। ਤੁਹਾਡੀ ਰੋਜ ਕਿੰਨੀ ਕਮਾਈ ਹੁੰਦੀ ਹੈ। ਜਿੰਨਾਂ ਜੋ ਯਾਦ ਕਰਦੇ ਹਨ, ਸਵਦਰਸ਼ਨ ਚਕ੍ਰ ਫਿਰਾਉਂਦੇ ਹਨ ਤਾਂ ਅਥਾਹ ਕਮਾਈ ਕਰਦੇ ਹਨ, ਅਣਗਿਣਤ। ਉੱਥੇ ਕੋਈ ਗਿਣਤੀ ਥੋੜ੍ਹੀ ਨਾ ਹੁੰਦੀ ਹੈ। ਹੁਣ ਝੋਪੜੀਆਂ ਵਿੱਚ ਬੈਠੇ ਹਨ ਫਿਰ ਮਹਿਲਾਂ ਵਿਚ ਬੈਠਣਗੇ। ਫਰਕ ਤਾਂ ਰਹਿੰਦਾ ਹੈ ਨਾ - ਝੋਪੜੀ ਅਤੇ ਮਹਿਲ ਵਿਚ। ਬ੍ਰਹਮਾ ਦਵਾਰਾ ਨਵੀਂ ਦੁਨੀਆ ਸਥਾਪਨ ਹੋ ਜਾਵੇਗੀ ਤਾਂ ਪੁਰਾਣੀ ਦੁਨੀਆ ਦਾ ਵਿਨਾਸ਼ ਹੋ ਜਾਵੇਗਾ। ਹੁਣ ਦੀ ਗੱਲ ਹੈ ਨਾ। ਰਾਜਧਾਨੀ ਦੀ ਸਥਾਪਨਾ ਹੋ ਜਾਵੇਗੀ ਫਿਰ ਜਿਸ ਨੇ ਜਿਨਾਂ ਪੁਰਸ਼ਾਰਥ ਕੀਤਾ ਸੋ ਕੀਤਾ ਫਿਰ ਵਿਨਾਸ਼ ਹੋ ਜਾਵੇਗਾ ਇਸਲਈ ਹੁਣ ਗਫ਼ਲਤ ਨਹੀਂ ਕਰਨੀ ਚਾਹੀਦੀ। ਸਵੇਰੇ ਉੱਠ ਕੇ ਯਾਦ ਵਿੱਚ ਬੈਠ ਜਾਣਾ ਚਾਹੀਦਾ ਹੈ। ਜਿਨ੍ਹਾਂ ਯਾਦ ਦਾ ਚਾਰਟ ਰੱਖੋ ਉਤਨਾ ਚੰਗਾ ਹੈ ਅਤੇ ਫਿਰ ਉਨ੍ਹਾਂ ਹੀ ਉੱਚ ਪਦਵੀ ਪਾਵੋਗੇ। ਸ਼ਿਵਬਾਬਾ ਦੇ ਗਲੇ ਦਾ ਹਾਰ ਬਣੋਗੇ। ਦਿਲ ਦਰਪਣ ਵਿਚ ਵੇਖਣਾ ਹੈ ਕਿ ਮੈਂ ਲਾਇਕ ਬਣਿਆ ਹਾਂ - ਲਕਸ਼ਮੀ ਨਰਾਇਣ ਨੂੰ ਵਰਣ? ਅਸੀ ਮੰਮਾ ਬਾਬਾ ਵਰਗੀ ਸਰਵਿਸ ਕਰਦੇ ਹਾਂ? ਕਿਸਮ - ਕਿਸਮ ਦੇ ਫੁੱਲ ਹਨ। ਇਹ ਬਾਗਵਾਨ ਬਾਬਾ ਦਾ ਹਿਊਮਨ ਗੁਲਸ਼ਨ ਹੈ। ਕਹਿਣਗੇ - ਦੇਖੋ, ਕੁਮਾਰਕਾ, ਮਨੋਹਰ ਕਿੰਨੇ ਚੰਗੇ - ਚੰਗੇ ਫੁੱਲ ਹਨ! ਇਹ ਰਤਨ ਜੋਤ ਹੈ। ਬਾਬਾ ਇਸ ਬਗੀਚੇ ਨੂੰ ਵੇਖਦੇ ਫਿਰ। ਉਸ ਬਗੀਚੇ ਵਿਚ ਜਾਕੇ ਫੁੱਲਾਂ ਨੂੰ ਵੇਖਦੇ ਹਨ। ਬਾਗਵਾਨ ਜਾਂਚ ਕਰਦੇ ਹਨ ਫੁੱਲਾਂ ਦੀ, ਤਾਂ ਬੱਚਿਆਂ ਨੂੰ ਫਾਲੋ ਕਰਨਾ ਚਾਹੀਦਾ ਹੈ - ਨੰਬਰ ਵਨ, ਟੂ ਫੁੱਲ ਕਿਹੜੇ - ਕਿਹੜੇ ਹਨ? ਅਜਿਹਾ ਬਣਨਾ ਚਾਹੀਦਾ ਹੈ। 21 ਜਨਮਾਂ ਦੇ ਲਈ ਰਾਜਾਈ ਪਦਵੀ ਪਾਉਣਾ ਕੋਈ ਘੱਟ ਗੱਲ ਥੋੜ੍ਹੀ ਨਾ ਹੈ! ਅਥਾਹ ਸੁਖ ਹਨ। ਵਿਸ਼ਵ ਦਾ ਮਾਲਿਕ ਬਣਨਾ ਹੈ। ਇਹ ਸਕੂਲ ਹੈ। ਉਸ ਜਿਸਮਾਨੀ ਪੜਾਈ ਦੇ ਨਾਲ ਇਹ ਰੂਹਾਨੀ ਪੜਾਈ ਕਰੋ। ਟੀਚਰਜ਼ ਦੇ ਸਦਾ ਚੰਗੇ ਮੈਂਨਰਜ਼ ਹੁੰਦੇ ਹਨ। ਆਨੇਸਟ ਹੁੰਦੇ

ਹਨ। ਸਕੂਲ ਵਿੱਚ ਅੰਧਸ਼ਰਧਾ ਦੀ ਗੱਲ ਨਹੀਂ। ਉੱਥੇ ਬੇਰਿਸਟਰੀ ਪੜਦੇ, ਇੰਜਿੰਨਰਿੰਗ ਪੜਦੇ। ਤੁਸੀਂ ਰਾਜਾਵਾਂ ਦਾ ਰਾਜਾ ਬਣਨ ਦੇ ਲਈ ਪੜਦੇ ਹੋ। ਸੰਨਿਆਸੀ ਤਾਂ ਕਹਿ ਦਿੰਦੇ ਈਸ਼ਵਰ ਸਰਵਵਿਆਪੀ ਹੈ। ਬਸ, ਖੇਲ ਹੀ ਖਤਮ। ਬੇਹੱਦ ਦਾ ਬਾਪ ਬੱਚਿਆਂ ਨੂੰ ਸਮਝਾਉਂਦੇ ਹਨ - ਬੱਚੇ, ਇਹ ਅੰਤਿਮ ਜਨਮ ਪਵਿੱਤ੍ਰ ਰਹੋ। ਤੁਸੀਂ ਬਹੁਤ ਸਰਵਿਸ ਕਰ ਸਕਦੇ ਹੋ।

ਉੱਥੇ ਵੀ ਐਜੂਕੇਸ਼ਨ ਡੀਪਰਟਮੇਂਟ ਹੈ। ਇਹ ਵੀ ਗੋਡਲੀ ਐਜੂਕੇਸ਼ਨ ਡੀਪਾਰਟਮੇਂਟ ਹੈ। ਤੁਸੀਂ ਬੱਚੇ ਹੋ ਰਾਜਰਿਸ਼ੀ। ਉਹ ਤਾਂ ਘਰ - ਬਾਰ ਛੱਡ ਦਿੰਦੇ ਹਨ। ਤੁਸੀਂ ਘਰ ਵਿਚ ਰਹਿੰਦੇ ਸਾਰੀ ਦੁਨੀਆ ਦਾ ਤਿਆਗ ਕਰਦੇ ਹੋ। ਤੁਹਾਡੀ ਬੁੱਧੀ ਵਿੱਚ ਹੁਣ ਨਵੀਂ ਦੁਨੀਆ ਹੈ, ਜੋ ਬਾਪ ਹੀ ਬਣਾਉਂਦੇ ਹਨ, ਇਸਲਈ ਬਾਪ ਕਹਿੰਦੇ ਹਨ ਤੁਸੀਂ ਮੈਨੂੰ ਯਾਦ ਕਰੋ, ਇਹ ਪੁਰਾਣੀ ਦੁਨੀਆ ਖਲਾਸ ਹੋ ਜਾਵੇਗੀ। ਇਹ ਰੂਹਾਨੀ ਕਾਲੇਜ ਅਤੇ ਹਸਪਤਾਲ ਵੀ ਬਹੁਤ ਵੱਡਾ ਹੈ, ਜਿਸ ਨਾਲ ਤੁਸੀਂ ਐਵਰਹੇਲਦੀ, ਐਵਰਵੈਲਦੀ ਬਣਦੇ ਹੋ। ਘਰ - ਘਰ ਵਿਚ ਤੁਸੀਂ ਇਹ ਹਸਪਤਾਲ ਅਤੇ ਕਾਲੇਜ ਖੋਲ ਸਕਦੇ ਹੋ, ਇਸ ਵਿੱਚ ਖਰਚਾ ਕੁਝ ਨਹੀਂ। ਸਿਰਫ ਤਿੰਨ ਪੈਰ ਪ੍ਰਿਥਵੀ ਦੇ ਚਾਹੀਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਵੇਰੇ - ਸਵੇਰੇ ਉੱਠ ਕੇ ਯਾਦ ਵਿੱਚ ਜਰੂਰ ਬੈਠਣਾ ਹੈ, ਉਸ ਵਿੱਚ ਗਫ਼ਲਤ ਨਹੀਂ ਕਰਨੀ ਹੈ। ਪੁੰਨ ਦਾ ਖਾਤਾ ਜਮਾ ਕਰਨਾ ਹੈ।

2. ਐਮ ਆਬਜੈਕਟ ਨੂੰ ਬੁੱਧੀ ਵਿੱਚ ਰੱਖ ਚੰਗੇ ਮੇਨਰਜ ਧਾਰਨ ਕਰਨੇ ਹਨ। ਰੂਹਾਨੀ ਪੜਾਈ ਜਰੂਰ ਕਰਨੀ ਹੈ। ਅੰਤਰਮੁਖੀ ਹੋਕੇ ਰਹਿਣਾ ਹੈ।

ਵਰਦਾਨ:- ਬ੍ਰਾਹਮਣ ਜੀਵਨ ਦੀ ਵਿਸ਼ੇਸ਼ਤਾ ਨੂੰ ਜਾਣ ਕੇ ਉਸ ਨੂੰ ਕੰਮ ਵਿੱਚ ਲਗਾਉਣ ਵਾਲੇ ਸਰਵ ਵਿਸ਼ੇਸ਼ਤਾ ਸੰਪੰਨ ਭਵ

ਡਰਾਮੇ ਦੇ ਨਿਯਮ ਪ੍ਰਮਾਣ ਸੰਗਮਯੁੱਗ ਤੇ ਹੀ ਇੱਕ ਬ੍ਰਾਹਮਣ ਆਤਮਾ ਨੂੰ ਕੋਈ ਨਾ ਕੋਈ ਵਿਸ਼ੇਸ਼ਤਾ ਮਿਲੀ ਹੋਈ ਹੈ। ਭਾਵੇਂ ਮਾਲਾ ਦਾ ਲਾਸ੍ਟ ਦਾਣਾ ਹੋਵੇ, ਉਸ ਵਿੱਚ ਵੀ ਕੋਈ ਨਾ ਕੋਈ ਵਿਸ਼ੇਸ਼ਤਾ ਹੈ, ਤਾਂ ਬ੍ਰਾਹਮਣ ਜਨਮ ਦੇ ਭਾਗ ਦੀ ਵਿਸ਼ੇਸ਼ਤਾ ਨੂੰ ਪਹਿਚਾਣੋ ਅਤੇ ਉਸ ਨੂੰ ਕੰਮ ਵਿੱਚ ਲਗਾਓ। ਇੱਕ ਵਿਸ਼ੇਸ਼ਤਾ ਕੰਮ ਵਿੱਚ ਲਗਾਈ ਤਾਂ ਹੋਰ ਵੀ ਵਿਸ਼ੇਸ਼ਤਾਵਾਂ ਆਪੇ ਆਉਂਦੀਆਂ ਜਾਣਗੀਆਂ, ਇੱਕ ਦੇ ਅੱਗੇ ਬਿੰਦੀ ਲਗਦੇ - ਲਗਦੇ ਸ੍ਰਵ ਵਿਸ਼ੇਸ਼ਤਾਵਾਂ ਵਿੱਚ ਸੰਪੰਨ ਬਣ ਜਾਵੋਗੇ।

ਸਲੋਗਨ:- ਮਨਮਨਾਭਵ ਦੇ ਮੰਤ੍ਰ ਦੀ ਸਦਾ ਸਮ੍ਰਿਤੀ ਰਹੇ ਤਾਂ ਮਨ ਦਾ ਭਟਕਣਾ ਬੰਦ ਹੋ ਜਾਵੇਗਾ।

******